ਸਾਡੀ ਗਿਣਤੀ ਕਰੋ 2020

ਗਿਣੇ ਜਾਣ ਵਿਚ ਸ਼ਕਤੀ ਹੈ

ASIAN AMERICANS ADVANCING JUSTICE

COUNTUSIN2020.ORG

# ਮੈਂ 2020 ਦੀ ਜਨਗਿਣਤੀ (2020 Census) ਲਈ ਜਵਾਬ ਕਿਵੇਂ ਦੇਵਾਂ ਅਤੇ ਇਸ ਵਿੱਚ ਮੇਰੇ ਤੋਂ ਕੀ ਪੁੱਛਿਆ ਜਾਂਦਾ ਹੈ?

***ਸਵਾਲ? ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ ਸਾਡੀ ਮਰਦਮਸ਼ੁਮਾਰੀ ਦੀ ਹਾਟਲਾਈਨ ਨੂੰ 844-2020-API ਤੇ ਕਾਲ ਕਰੋ। ਵਧੇਰੇ ਜਾਣਕਾਰੀ ਲਈ www.CountUsIn2020.org/hotline ਤੇ ਜਾਓ।***

2020 ਦੀ ਜਨਗਿਣਤੀ ਵਿੱਚ ਅਮਰੀਕਾ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਦੀ ਗਿਣਤੀ ਕੀਤੀ ਜਾਵੇਗੀ। ਜਨਗਿਣਤੀ ਇੱਕ ਛੋਟੀ ਜਿਹੀ ਪ੍ਰਸ਼ਨਾਵਲੀ ਹੈ, ਜਿਸ ਵਿੱਚ ਤੁਹਾਡੇ ਪਰਿਵਾਰ ਅਤੇ ਇਸ ਵਿੱਚ ਰਹਿਣ ਵਾਲੇ ਲੋਕਾਂ ਬਾਰੇ ਬੁਨਿਆਦੀ ਜਾਣਕਾਰੀ ਪੁੱਛੀ ਜਾਂਦੀ ਹੈ। ਤੁਹਾਡੇ ਨਿੱਜੀ ਜਵਾਬ ਗੁਪਤ ਰੱਖੇ ਜਾਂਦੇ ਹਨ ਅਤੇ ਇਹਨਾਂ ਨੂੰ ਇਮੀਗ੍ਰੇਸ਼ਨ ਐਨਫੋਰਸਮੈਂਟ, ਪੁਲਿਸ ਜਾਂ ਹਾਊਸਿੰਗ ਅਥਾੱਰਿਟੀਜ ਸਮੇਤ ਹੋਰਾਂ ਸਰਕਾਰੀ ਏਜੰਸੀਆਂ ਨਾਲ ਸਾਂਝਾ ਨਹੀਂ ਕੀਤਾ ਜਾ ਸਕਦਾ। ਸਰਕਾਰ ਰਾਜਨੀਤਿਕ ਨੁਮਾਇੰਦਗੀ ਨੂੰ ਵੰਡਣ ਅਤੇ ਵਸੀਲੇ ਕਿੱਥੇ ਖ਼ਰਚ ਕੀਤੇ ਜਾਣ, ਇਹ ਨਿਰਧਾਰਤ ਕਰਨ ਲਈ ਅਬਾਦੀ ਦੀ ਗਿਣਤੀ ਵਰਤਦੀ ਹੈ।

## ਮੈਂ ਜਨਗਿਣਤੀ ਲਈ ਜਵਾਬ ਕਿਵੇਂ ਦੇਵਾਂ?

ਮਾਰਚ 2020 ਵਿੱਚ, ਜਨਗਿਣਤੀ ਵਿਭਾਗ (Census Bureau) ਜਨਗਿਣਤੀ ਲਈ ਜਵਾਬ ਦੇਣ ਵਾਸਤੇ ਪਰਿਵਾਰਾਂ ਨੂੰ ਸੱਦਾ ਦੇਣ ਲਈ ਡਾਕ ਰਾਹੀਂ ਜਾਣਕਾਰੀ ਭੇਜੇਗਾ। ਭਾਗ ਲੈਣ ਦੇ ਤਿੰਨ ਤਰੀਕੇ ਹਨ:

| | |
|---|---|
| **ਔਨਲਾਈਨ** | ਪਹਿਲੀ ਵਾਰ ਲਈ, ਤੁਸੀਂ ਆਪਣਾ ਜਨਗਿਣਤੀ ਫਾਰਮ ਔਨਲਾਈਨ ਪੂਰਾ ਕਰਨ ਵਿੱਚ ਸਮਰੱਥ ਹੋਵੋਗੇ। ਜ਼ਿਆਦਾਤਰ ਪਰਿਵਾਰ ਇੱਕ ਖਾਸ ਪਰਿਵਾਰਕ ਪਸ਼ਾਣ ਪੱਤਰ (ID) ਦੇ ਅਤੇ ਜਨਗਿਣਤੀ ਵਿਭਾਗ ਦੀ ਅਧਿਕਾਰਤ ਵੈਬਸਾਈਟ ਦੇ ਵੈਬ ਪਤੇ ਦੇ ਨਾਲ, ਔਨਲਾਈਨ ਜਵਾਬ ਦੇਣ ਵਾਸਤੇ ਉਹਨਾਂ ਨੂੰ ਸੱਦਾ ਦੇਣ ਵਾਲਾ ਇੱਕ ਚਿੱਠੀ ਪ੍ਰਾਪਤ ਕਰਨਗੇ।<br><br>*ਇੰਟਰਨੈਟ ਸਵੈ-ਜਵਾਬ ਫਾਰਮ ਚੀਨੀ (ਸਿੰਪਲੀਫਾਇਡ), ਜਾਪਾਨੀ, ਕੋਰੀਆਈ, ਟੈਗਾਲੋਗ ਅਤੇ ਵੀਅਤਨਾਮੀ ਸਮੇਤ 12 ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਵਿੱਚ ਉਪਲਬਧ ਹੈ।* |
| **ਫੋਨ** | ਤੁਸੀਂ ਸਵਾਲ ਪੁੱਛਣ ਲਈ ਅਤੇ ਫੋਨ ਰਾਹੀਂ ਜਨਗਿਣਤੀ ਲਈ ਜਵਾਬ ਦੇਣ ਲਈ ਜਨਗਿਣਤੀ ਪ੍ਰਸ਼ਨਾਵਲੀ ਸਹਾਇਤਾ (Census Questionnaire Assistance) ਫੋਨ ਲਾਈਨ 'ਤੇ ਫੋਨ ਕਰ ਸਕਦੇ ਹੋ।<br><br>*ਫੋਨ ਸਹਾਇਤਾ ਅੰਗਰੇਜ਼ੀ ਵਿੱਚ ਅਤੇ ਚੀਨੀ (ਮੈਂਡਰਿਨ ਅਤੇ ਕੈਂਟੋਨੀਜ), ਜਾਪਾਨੀ, ਕੋਰੀਆਈ, ਟੈਗਾਲੋਗ ਅਤੇ ਵੀਅਤਨਾਮੀ ਸਮੇਤ 12 ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਪੇਸ਼ ਕੀਤੀ ਜਾਂਦੀ ਹੈ। ਜਨਗਿਣਤੀ ਵਿਭਾਗ ਦੇ ਹਰੇਕ ਭਾਸ਼ਾ ਲਈ ਸਮਰਪਿਤ ਮੁਫਤ ਫੋਨ ਨੰਬਰ ਦੁਆਰਾ, ਫੋਨ ਕਰਨ ਵਾਲੇ ਜਨਗਿਣਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ, ਸਵਾਲ ਪੁੱਛ ਸਕਦੇ ਹਨ, ਅਤੇ ਫੋਨ ਰਾਹੀਂ ਆਪਣੇ ਜਨਗਿਣਤੀ ਫਾਰਮ ਲਈ ਜਵਾਬ ਦੱਸ ਸਕਦੇ ਹਨ।* |

| | |
|---|---|
| **ਪੇਪਰ** | ਤੁਸੀਂ ਪੇਪਰ ਫਾਰਮ ਨਾਲ ਜਵਾਬ ਦੇ ਸਕਦੇ ਹੋ। ਕੁਝ ਘਰਾਂ ਨੂੰ - ਪੰਜ ਵਿੱਚੋਂ ਇੱਕ ਨੂੰ - ਪਹਿਲੀ ਡਾਕ ਰਾਹੀਂ ਇੱਕ ਕਾਗਜ਼ ਫਾਰਮ ਪ੍ਰਾਪਤ ਹੋਵੇਗਾ। ਹਰ ਇਕ ਨੂੰ ਚੌਥੀ ਮੇਲਿੰਗ ਦੁਆਰਾ ਇੱਕ ਕਾਗਜ਼ ਫਾਰਮ ਪ੍ਰਾਪਤ ਹੋਵੇਗਾ।<br>*ਪੇਪਰ ਫਾਰਮ ਸਿਰਫ਼ ਅੰਗਰੇਜ਼ੀ ਅਤੇ ਸਪੈਨਿਸ਼ ਵਿੱਚ ਉਪਲਬਧ ਹੈ।* |

## ਮੈਂ ਜਨਗਿਣਤੀ ਲਈ ਜਵਾਬ ਕਦੋਂ ਦੇਵਾਂ?

ਜਨਗਿਣਤੀ ਵਿਭਾਗ ਲੋਕਾਂ ਨੂੰ ਜਵਾਬ ਦੇਣ ਵਾਸਤੇ ਉਤਸ਼ਾਹਿਤ ਕਰਨ ਲਈ, ਕਈ ਵਾਰ ਡਾਕ ਰਾਹੀਂ ਜਾਣਕਾਰੀ ਭੇਜੇਗਾ:

| | |
|---|---|
| 12-20 ਮਾਰਚ | ਜਨਗਿਣਤੀ ਵਿਭਾਗ ਪਰਿਵਾਰਾਂ ਨੂੰ ਡਾਕ ਰਾਹੀਂ ਜਵਾਬ ਦੇਣ ਲਈ ਤਿੰਨ ਵਾਰੀ ਵੱਖ-ਵੱਖ ਸੱਦੇ ਭੇਜੇਗਾ। |
| 16-24 ਮਾਰਚ | ਉਹਨਾਂ ਪਰਿਵਾਰਾਂ ਨੂੰ ਯਾਦ ਕਰਵਾਣ ਲਈ ਚਿੱਠੀਆਂ ਭੇਜੀਆਂ ਜਾਣਗੀਆਂ, ਜਿਹਨਾਂ ਨੇ ਜਵਾਬ ਨਹੀਂ ਦਿੱਤਾ ਹੈ। |
| 26 ਮਾਰਚ-3 ਅਪ੍ਰੈਲ | ਉਹਨਾਂ ਪਰਿਵਾਰਾਂ ਨੂੰ ਯਾਦ ਕਰਵਾਣ ਲਈ ਪੋਸਟਕਾਰਡ ਭੇਜੇ ਜਾਣਗੇ, ਜਿਹਨਾਂ ਨੇ ਜਵਾਬ ਨਹੀਂ ਦਿੱਤਾ ਹੈ। |
| 8-16 ਅਪ੍ਰੈਲ | ਉਹਨਾਂ ਪਰਿਵਾਰਾਂ ਨੂੰ ਯਾਦ ਕਰਵਾਣ ਲਈ ਚਿੱਠੀ ਅਤੇ ਪੇਪਰ ਫਾਰਮ ਭੇਜੇ ਜਾਣਗੇ, ਜਿਹਨਾਂ ਨੇ ਜਵਾਬ ਨਹੀਂ ਦਿੱਤਾ ਹੈ। |
| 20-27 ਅਪ੍ਰੈਲ | ਆਖ਼ਰੀ ਵਾਰੀ ਯਾਦ ਕਰਵਾਣ ਲਈ ਫਾਇਨਲ ਪੋਸਟਕਾਰਡ ਭੇਜੇ ਜਾਣਗੇ। |
| 13 ਮਈ | ਜਨਗਿਣਤੀ ਵਿਭਾਗ ਦੇ ਕਰਮਚਾਰੀ ਉਹਨਾਂ ਘਰਾਂ ਵਿੱਚ ਜਾਣਾ ਸ਼ੁਰੂ ਕਰਨਗੇ, ਜਿਹਨਾਂ ਨੇ ਜਵਾਬ ਨਹੀਂ ਦਿੱਤਾ ਹੈ। |

## 2020 ਦੀ ਜਨਗਿਣਤੀ ਵਿੱਚ ਮੇਰੇ ਤੋਂ ਕੀ ਪੁੱਛਿਆ ਜਾਵੇਗਾ?

2020 ਦੀ ਜਨਗਿਣਤੀ ਨੂੰ ਪੂਰਾ ਕਰਨ ਵਿੱਚ ਸਿਰਫ਼ ਕੁਝ ਮਿੰਟ ਲੱਗਣਗੇ ਅਤੇ ਇਸ ਵਿੱਚ ਹੇਠਾਂ ਦਿੱਤੇ ਸਵਾਲ ਪੁੱਛੇ ਜਾਣਗੇ।

**2020 ਦੀ ਜਨਗਿਣਤੀ ਵਿੱਚ ਤੁਹਾਡੇ ਪਰਿਵਾਰ ਬਾਰੇ ਪੁੱਛਿਆ ਜਾਵੇਗਾ।**

| | |
|---|---|
| 1 ਅਪ੍ਰੈਲ ਨੂੰ ਤੁਹਾਡੇ ਪਤੇ 'ਤੇ ਰਹਿਣ ਵਾਲੇ ਜਾਂ ਠਹਿਰਣ ਵਾਲੇ ਲੋਕਾਂ ਦੀ ਸੰਖਿਆ। | *ਆਪਣੇ ਘਰ ਵਿੱਚ ਮੌਜੂਦ ਹਰੇਕ ਵਿਅਕਤੀ ਨੂੰ ਸ਼ਾਮਲ ਕਰੋ, ਭਾਵੇਂ ਉਹ ਤੁਹਾਡੇ ਨਾਲ ਸਬੰਧਤ ਨਾ ਹੋਣ। ਜਨਗਿਣਤੀ ਵਿੱਚ ਅਮਰੀਕਾ ਵਿੱਚ ਰਹਿਣ ਵਾਲੇ ਸਾਰੇ ਲੋਕਾਂ, ਗਿਣਤੀ ਕੀਤੀ ਜਾਂਦੀ ਹੈ, ਛੋਟੇ ਬੱਚਿਆਂ, ਗ਼ੈਰ-ਨਾਗਰਿਕਾਂ, ਕਿਰਾਏਦਾਰਾਂ – ਹਰ ਕਿਸੇ ਸਮੇਤ।* |
| ਕੀ ਤੁਹਾਡਾ ਆਪਣਾ ਘਰ ਹੈ ਜਾਂ ਕਿਰਾਏ 'ਤੇ ਹੈ? | *ਜਵਾਬ ਦਿਓ ਕਿ ਤੁਹਾਡਾ ਆਪਣਾ ਘਰ ਹੈ ਜਾਂ ਕਿਰਾਏ 'ਤੇ ਹੈ।* |
| ਟੈਲੀਫੋਨ ਨੰਬਰ | *ਜਨਗਿਣਤੀ ਵਿਭਾਗ ਤੁਹਾਡੇ ਫੋਨ ਨੰਬਰ ਦੀ ਵਰਤੋਂ ਸਿਰਫ਼ ਤਦ ਕਰੇਗਾ, ਜੇਕਰ ਜਨਗਿਣਤੀ ਵਿਭਾਗ ਦੇ ਅਪਣੇ ਕਾਰੋਬਾਰ ਲਈ ਲੋੜ ਪੈ ਜਾਵੇ ।* |

**2020 ਦੀ ਜਨਗਿਣਤੀ ਵਿੱਚ ਤੁਹਾਡੇ ਪਰਿਵਾਰ ਵਿੱਚ ਰਹਿਣ ਵਾਲੇ ਹਰੇਕ ਵਿਅਕਤੀ ਬਾਰੇ ਪੁੱਛਿਆ ਜਾਵੇਗਾ।**

| | |
|---|---|
| ਨਾਮ, ਉਮਰ, ਜਨਮ ਮਿਤੀ ਅਤੇ ਲਿੰਗ | *ਹਰੇਕ ਵਿਅਕਤੀ ਦਾ ਨਾਮ, ਉਮਰ ਅਤੇ ਜਨਮ ਮਿਤੀ ਦਾਖ਼ਲ ਕਰੋ। ਕਿਰਪਾ ਕਰਕੇ ਧਿਆਨ ਦਿਓ ਕਿ ਲਿੰਗ ਲਈ, ਜਨਗਿਣਤੀ ਵਿਭਾਗ ਸਿਰਫ਼ ਪੁਰਸ਼ ਅਤੇ ਇਸਤਰੀ ਦੇ ਵਿਕਲਪ ਹੀ ਮੁਹੱਈਆ ਕਰਦਾ ਹੈ।* |

| | |
|---|---|
| ਫਾਰਮ ਭਰਨ ਵਾਲੇ ਵਿਅਕਤੀ ਨਾਲ ਰਿਸ਼ਤਾ | *ਰਿਸ਼ਤਿਆਂ ਦੀ ਇੱਕ ਸੂਚੀ ਹੈ, ਜਿਸ ਵਿੱਚੋਂ ਤੁਸੀਂ ਚੋਣ ਕਰ ਸਕਦੇ ਹੋ, ਜਿਹਨਾਂ ਵਿੱਚ ਸ਼ਾਮਲ ਹਨ ਜੀਵਨਸਾਥੀ (ਇੱਕੋ ਜਾਂ ਵਿਪਰੀਤ ਲਿੰਗ ਦਾ), ਭਰਾ ਜਾਂ ਭੈਣ, ਮਾਤਾ ਜਾਂ ਪਿਤਾ, ਨਾਲ ਰਹਿਣ ਵਾਲੇ ਜਾਂ ਹੋਰ।* |
| ਨਸਲ | *ਤੁਸੀਂ ਇੱਕ ਜਾਂ ਵੱਧ ਨਸਲਾਂ ਦੀ ਚੋਣ ਕਰ ਸਕਦੇ ਹੋ। ਜੇਕਰ ਤੁਹਾਡੀ ਪਛਾਣ ਇੱਕ ਤੋਂ ਵੱਧ ਨਸਲਾਂ ਵਾਲੇ ਦੇ ਤੌਰ 'ਤੇ ਹੁੰਦੀ ਹੈ, ਤਾਂ ਤੁਸੀਂ ਆਪਣੇ ਨਸਲਾਂ ਸਬੰਧੀ ਸਮੂਹਾਂ ਲਈ ਖਾਨੇ ਜਾਂ ਖਾਨਿਆਂ 'ਤੇ ਸਹੀ ਦਾ ਨਿਸ਼ਾਨ ਲਗਾ ਸਕਦੇ ਹੋ ਅਤੇ ਆਪਣੀ ਨਸਲਾਂ ਸਬੰਧੀ ਪਿਛੋਕੜ ਬਾਰੇ ਵਾਧੂ ਵੇਰਵਾ ਲਿਖ ਸਕਦੇ ਹੋ।*<br><br>*ਨਸਲਾਂ ਸਬੰਧੀ ਸਾਰੇ ਸਮੂਹ ਚੈੱਕ ਬੌਕਸ ਵਿਕਲਪਾਂ ਦੇ ਤੌਰ ਤੇ ਸੂਚੀਬੱਧ ਨਹੀਂ ਹਨ। ਜੇਕਰ ਤੁਹਾਡਾ ਨਸਲ ਸਬੰਧੀ ਸਮੂਹ ਸੂਚੀਬੱਧ ਨਹੀਂ ਹੈ, ਤਾਂ ਤੁਸੀਂ ਆਪਣੀ ਨਸਲ ਸਬੰਧੀ ਪਿਛੋਕੜ ਬਾਰੇ ਵਾਧੂ ਵੇਰਵਾ ਲਿਖ ਸਕਦੇ ਹੋ।* |
| ਹਿਸਪੈਨਿਕ ਮੂਲ | *ਇਸ ਵਿੱਚ ਪੁੱਛਿਆ ਜਾਂਦਾ ਹੈ ਕਿ ਤੁਸੀਂ ਹਿਸਪੈਨਿਕ ਹੋ ਜਾਂ ਲੈਟੀਨੋ। ਇਸਨੂੰ ਜਾਤੀ ਮੰਨਿਆ ਜਾਂਦਾ ਹੈ, ਨਸਲ ਨਹੀਂ। ਨਸਲ ਬੌਕਸ ਦੇ ਇਲਾਵਾ ਇਸਤੇ ਸਹੀ ਦਾ ਨਿਸ਼ਾਨ ਲਗਾਓ।* |

2020 ਦੀ ਜਨ-ਗਣਨਾ ਵਿਚ ਨਾਗਰਿਕਤਾ ਬਾਰੇ ਕੋਈ ਸਵਾਲ ਨਹੀਂ ਪੁੱਛਿਆ ਜਾਵੇਗਾ।
ਜੇਕਰ ਤੁਹਾਡੇ ਘਰ ਵਿੱਚ ਛੇ ਤੋਂ ਵੱਧ ਲੋਕ ਰਹਿੰਦੇ ਹਨ, ਤਾਂ ਤੁਹਾਨੂੰ ਸਿਰਫ਼ ਸੱਤ ਤੱਕ ਵਿਅਕਤੀਆਂ ਲਈ ਬੁਨਿਆਦੀ ਜਾਣਕਾਰੀ ਮੁਹੱਈਆ ਕਰਨ ਦੀ ਲੋੜ ਹੈ। ਬੁਨਿਆਦੀ ਜਾਣਕਾਰੀ ਨਾਮ, ਉਮਰ, ਜਨਮ ਮਿਤੀ, ਲਿੰਗ, ਜਾਤੀ ਅਤੇ ਇਹ ਹੈ ਕਿ ਵਿਅਕਤੀ, ਫਾਰਮ ਭਰਨ ਵਾਲੇ ਵਿਅਕਤੀ ਨਾਲ ਸਬੰਧਤ ਹੈ ਜਾਂ ਨਹੀਂ।

## 2020 ਦੀ ਜਨਗਿਣਤੀ ਵਿੱਚ ਮੇਰੇ ਤੋਂ ਕੀ ਨਹੀਂ ਪੁੱਛਿਆ ਜਾਵੇਗਾ?

**ਇਸ ਫਾਰਮ ਵਿਚ ਤੁਹਾਡੇ ਤੋਂ ਤੁਹਾਡੀ ਇੰਮੀਗ੍ਰੇਸ਼ਨ ਜਾਂ ਨਾਗਰਿਕਤਾ ਦੀ ਸਥਿਤੀ ਬਾਰੇ ਕੋਈ ਸਵਾਲ ਨਹੀਂ ਪੁੱਛਿਆ ਜਾਵੇਗਾ।**
**ਫਾਰਮ ਵਿੱਚ ਤੁਹਾਡੇ ਸੋਸ਼ਲ ਸਿਕਿਓਰਿਟੀ ਨੰਬਰ ਨਹੀ ਪੁੱਛਿਆ ਜਾਵੇਗਾ।**

## ਕੀ ਮੈਨੂੰ ਸਾਰੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ?

ਸੰਘੀ (Federal) ਕਨੂੰਨ ਦੀ ਸ਼ਰਤ ਹੈ ਕਿ ਹਰ ਵਿਅਕਤੀ ਜਨਗਿਣਤੀ ਵਿੱਚ ਭਾਗ ਲਵੇ ਅਤੇ ਸਾਰੇ ਸਵਾਲਾਂ ਦੇ ਜਵਾਬ ਦੇਵੇ। ਜੋ ਉੱਤਰਦਾਤਾ ਆਪਣਾ ਨਾਮ ਅਤੇ ਪਤਾ ਦੱਸਦੇ ਹਨ, ਪਰੰਤੂ ਇੱਕ ਜਾਂ ਦੋ ਸਵਾਲ ਛੱਡ ਦਿੰਦੇ ਹਨ, ਉਹਨਾਂ ਦੀ ਤਦ ਵੀ ਗਿਣਤੀ ਕੀਤੀ ਜਾਵੇਗੀ। ਜੇਕਰ ਤੁਸੀਂ ਕਈ ਸਵਾਲ ਛੱਡ ਦਿੰਦੇ ਹੋ ਜਾਂ ਜਨਗਿਣਤੀ ਲਈ ਬਿਲਕੁੱਲ ਵੀ ਜਵਾਬ ਨਹੀਂ ਦਿੰਦੇ, ਤਾਂ ਖੁੰਝੀ ਜਾਣਕਾਰੀ ਪ੍ਰਾਪਤ ਕਰਨ ਲਈ ਜਨਗਿਣਤੀ ਕਰਮਚਾਰੀ ਤੁਹਾਡੇ ਘਰ ਆ ਸਕਦਾ ਹੈ। ਸਾਰੇ ਸਵਾਲਾਂ ਦੇ ਜਵਾਬ ਸੱਚਾਈ ਨਾਲ ਦਿਓ; ਜਨਗਿਣਤੀ ਲਈ ਜਵਾਬ ਦਿੰਦੇ ਸਮੇਂ ਝੂਠ ਨਾ ਬੋਲੋ।

## ਕੀ ਮੇਰੇ ਜਵਾਬ ਗੁਪਤ ਰਹਿਣਗੇ?

## ਕੀ 2020 ਦੀ ਜਨਗਿਣਤੀ ਲਈ ਜਵਾਬ ਦੇਣਾ ਮੇਰੇ ਲਈ ਹਾਨੀਕਾਰਕ ਹੋ ਸਕਦਾ ਹੈ?

- ਗੁਪਤਤਾ: ਜਨਗਿਣਤੀ ਸਬੰਧੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ। ਕਨੂੰਨ ਦੇ ਮੁਤਾਬਕ, ਜਨਗਿਣਤੀ ਵਿਭਾਗ, ਇਮੀਗ੍ਰੇਸ਼ਨ ਕਰਮਚਾਰੀ, ਹੋਰ ਸਰਕਾਰੀ ਏਜੰਸੀਆਂ ਅਤੇ ਜਨਤਾ ਸਮੇਤ, ਕਿਸੇ ਨਾਲ ਵੀ ਵਿਅਕਤੀ ਦੀ ਜਾਣਕਾਰੀ ਸਾਂਝਾ ਨਹੀਂ ਕਰ ਸਕਦਾ। ਸੰਘੀ ਕਨੂੰਨ ਦੇ ਜਨਗਿਣਤੀ ਸਬੰਧੀ ਸੂਚੀ ਲਈ ਬਹੁਤ ਹੀ ਠੋਸ ਗੁਪਤਤਾ ਬਚਾਅ ਹਨ ਅਤੇ ਇਹ ਤੁਹਾਡੀ ਜਾਣਕਾਰੀ ਦੀ ਸੁਰੱਖਿਆ ਕਰਦਾ ਹੈ।
- ਸਜ਼ਾ: ਤੁਹਾਡੇ ਸੂਚੀ ਤੱਕ ਜਨਗਿਣਤੀ ਦੀ ਪਹੁੰਚ ਵਾਲਾ ਜਨਗਿਣਤੀ ਵਿਭਾਗ ਦੇ ਹਰੇਕ ਕਰਮਚਾਰੀ ਤੋਂ ਜੀਵਨਭਰ ਤੁਹਾਡੀ ਜਾਣਕਾਰੀ ਦੀ ਰੱਖਿਆ ਲਈ ਸੌਂਹ ਚੁਕਵਾਈ ਜਾਂਦੀ ਹੈ। ਜੇਕਰ ਕੋਈ ਵੀ ਇਸ ਕਨੂੰਨ ਦੀ ਉਲੰਘਣਾ ਕਰਦਾ ਹੈ, ਤਾਂ ਇਹ ਸੰਘੀ

ਅਪਰਾਧ ਹੈ; ਇਸਦੀ ਭਾਰੀ ਸਜ਼ਾ ਹੈ, ਜਿਸ ਵਿੱਚ ਸ਼ਾਮਲ ਹੈ, ਪੰਜ ਸਾਲਾਂ ਤੱਕ ਦੀ ਸੰਘੀ ਜੇਲ੍ਹ ਦੀ ਸਜ਼ਾ, $250,000 ਤੱਕ ਦਾ ਜੁਰਮਾਨਾ ਜਾਂ ਦੋਵੇਂ।

- ਡੇਟਾ ਦੀ ਸੁਰੱਖਿਆ: ਇਸਤੋਂ ਇਲਾਵਾ, ਜਨਗਿਣਤੀ ਵਿਭਾਗ ਦੁਆਰਾ ਇਕੱਤਰ ਕੀਤੇ ਜਵਾਬ ਸਿਰਫ਼ ਅੰਕੜੇ ਸਬੰਧੀ ਉਦੇਸ਼ਾਂ ਲਈ ਹੀ ਵਰਤੇ ਜਾ ਸਕਦੇ ਹਨ। ਜਨਗਿਣਤੀ ਵਿਭਾਗ ਸਿਰਫ਼ ਇਕੱਤ੍ਰਿਤ ਅੰਕੜੇ ਪ੍ਰਕਾਸ਼ਿਤ ਕਰਦਾ ਹੈ ਅਤੇ ਉਹ ਜਾਣਕਾਰੀ ਪ੍ਰਕਾਸ਼ਿਤ ਨਹੀਂ ਕਰ ਸਕਦਾ, ਜਿਸ ਵਿੱਚ ਵਿਅਕਤੀ, ਕਾਰੋਬਾਰ ਜਾਂ ਸੰਗਠਨ ਦੀ ਪਛਾਣ ਹੁੰਦੀ ਹੋਵੇ। ਜਨਗਿਣਤੀ ਦਾ ਜਵਾਬ ਦੇਣ ਵਾਲੇ ਕਿਸੇ ਵੀ ਵਿਅਕਤੀ ਦੇ ਨੁਕਸਾਨ ਲਈ ਸੰਘੀ, ਰਾਜ ਅਤੇ ਸਥਾਨਕ ਸਰਕਾਰੀ ਏਜੰਸੀਆਂ ਨੂੰ, ਜਨਗਿਣਤੀ ਵਿਭਾਗ ਵੱਲੋਂ ਪੇਸ਼ ਕੀਤੇ ਅੰਕੜੇ ਸਬੰਧੀ ਸਮੂਹ ਸੂਚੀ  ਵਰਤਣ ਤੋਂ ਵਰਜਿਤ ਕੀਤਾ ਗਿਆ ਹੈ।

## ਜੇਕਰ ਮੈਨੂੰ 2020 ਦੀ ਜਨਗਿਣਤੀ ਪੂਰੀ ਕਰਨ ਲਈ ਭਾਸ਼ਾ ਸਹਾਇਤਾ ਦੀ ਲੋੜ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

**ਔਨਲਾਈਨ:** ਇੰਟਰਨੈਟ ਸਵੈ-ਜਵਾਬ ਫਾਰਮ ਚੀਨੀ (ਸਿੰਪਲੀਫਾਇਡ), ਜਾਪਾਨੀ, ਕੋਰੀਆਈ, ਟੈਗਾਲੋਗ ਅਤੇ ਵੀਅਤਨਾਮੀ ਸਮੇਤ 12 ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਵਿੱਚ ਉਪਲਬਧ ਹੈ।

**ਫੋਨ:** ਫੋਨ ਸਹਾਇਤਾ ਅੰਗਰੇਜ਼ੀ ਵਿੱਚ ਅਤੇ ਚੀਨੀ (ਮੈਂਡਰਿਨ ਅਤੇ ਕੈਂਟੋਨੀਜ), ਜਾਪਾਨੀ, ਕੋਰੀਆਈ, ਟੈਗਾਲੋਗ ਅਤੇ ਵੀਅਤਨਾਮੀ ਸਮੇਤ 12 ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਪੇਸ਼ ਕੀਤੀ ਜਾਂਦੀ ਹੈ। ਜਨਗਿਣਤੀ ਵਿਭਾਗ ਦੇ ਹਰੇਕ ਭਾਸ਼ਾ ਲਈ ਸਮਰਪਿਤ ਮੁਫ਼ਤ ਫੋਨ ਨੰਬਰ ਦੁਆਰਾ, ਫੋਨ ਕਰਨ ਵਾਲਾ  ਜਨਗਿਣਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ, ਸਵਾਲ ਪੁੱਛ ਸਕਦੇ ਹਨ, ਅਤੇ ਫੋਨ ਰਾਹੀਂ ਆਪਣੇ ਜਨਗਿਣਤੀ ਫਾਰਮ ਲਈ ਜਵਾਬ ਦੇ ਸਕਦੇ ਹਨ।

**ਪੇਪਰ:** ਪੇਪਰ ਫਾਰਮ ਅੰਗਰੇਜ਼ੀ ਅਤੇ ਸਪੇਨੀ ਭਾਸ਼ਾਵਾਂ ਵਿੱਚ ਉਪਲਬਧ ਹੈ।

**ਭਾਸ਼ਾ ਸਹਾਇਤਾ ਵਸੀਲੇ:** ਜਨਗਿਣਤੀ ਵਿਭਾਗ 59 ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਵਿੱਚ ਭਾਸ਼ਾ ਸ਼ਬਦਾਵਲੀਆਂ, ਭਾਸ਼ਾ ਪਛਾਣ ਕਾਰਡ ਅਤੇ ਭਾਸ਼ਾ ਗਾਈਡਾਂ ਤਿਆਰ ਕਰ ਰਿਹਾ ਹੈ, ਜੋ ਕਿ www.2020census.gov/en/languages.html ਤੇ ਉਪਲਬੱਧ ਹਨ।

*ਤੁਸੀਂ www.CountUsIn2020.org/resources 'ਤੇ ਭਾਈਚਾਰਕ ਸਦੱਸਾਂ ਅਤੇ ਭਾਈਚਾਰਾ-ਅਧਾਰਤ ਸੰਗਠਨਾਂ ਲਈ ਤੱਥ ਚਿੱਠੀ ਸਮੇਤ, ਜਨਗਿਣਤੀ ਬਾਰੇ ਵਾਧੂ ਵਸੀਲੇ ਪ੍ਰਾਪਤ ਕਰ ਸਕਦੇ ਹੋ।*